# ਕੀ ਤੁਹਾਨੂੰ ਇੱਕ ਟੀਵੀ ਲਾਇਸੇਂਸ ਦੀ ਲੋੜ ਹੈ?

## ਤੁਹਾਨੂੰ ਟੀਵੀ (TV) ਲਾਇਸੇਂਸ ਦੀ ਲੋੜ ਕਿਸ ਲਈ ਹੁੰਦੀ ਹੈ?

ਭਾਵੇਂ ਤੁਸੀਂ ਕੋਈ ਵੀ ਸਾਧਨ ਵਰਤਦੇ ਹੋ, ਤੁਹਾਨੂੰ ਟੈਲੀਵਿਜ਼ਨ ਪ੍ਰੋਗਰਾਮ ਵੇਖਣ ਜਾਂ ਰਿਕਾੱਰਡ ਕਰਨ ਲਈ ਇਕ ਟੀਵੀ ਲਾਇਸੈਂਸ ਲੈਣ ਦੀ ਲੋੜ ਹੋਏਗੀ, ਕਿਉਂਕਿ ਇਹਨਾਂ ਨੂੰ ਟੀਵੀ 'ਤੇ ਵਿਖਾਇਆ ਜਾ ਰਿਹਾ ਹੈ। ਇਹਨਾਂ ਵਿਚ ਟੀਵੀ, ਕੰਪਿਊਟਰ, ਮੋਬਾਈਲ ਫ਼ੋਨ, ਖੇਡਾਂ ਵਾਲੇ ਕੰਸੋਲ, ਡਿਜੀਟਲ ਬਾੱਕਸ, DVD/VHS ਰਿਕਾੱਰਡਰ ਸ਼ਾਮਿਲ ਹਨ।

ਅਤੇ ਕੀ ਤੁਹਾਨੂੰ ਪਤਾ ਹੈ ਕਿ ਜੇ ਤੁਸੀਂ ਇੱਕ ਸਹੀ ਟੀਵੀ ਲਾਇਸੇਂਸ ਦੇ ਬਿਨਾਂ ਟੈਲੀਵਿਜ਼ਨ ਦੇਖਦੇ ਹੋਏ ਪਕੜੇ ਜਾਂਦੇ ਹੋ ਤਾਂ ਤੁਹਾਨੂੰ ਕੋਰਟ ਲੇਜਾਇਆ ਜਾ ਸਕਦਾ ਹੈ ਅਤੇ £1,000 ਤਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ।

ਜੇ ਤੁਸੀਂ ਟੀਵੀ ਵੇਖਦੇ ਜਾਂ ਰਿਕਾੱਰਡ ਕਰਦੇ ਹੋ, ਤਾਂ ਤੁਹਾਨੂੰ ਹੁਣ ਲਾਇਸੈਂਸ ਦੀ ਲੋੜ ਹੈ। ਭੁਗਤਾਨ ਕਰਨ ਦੇ ਵੱਖ-ਵੱਖ ਤਰੀਕਿਆਂ ਬਾਰੇ ਜਾਣਕਾਰੀ ਵਾਸਤੇ ਕ੍ਰਿਪਾ ਕਰਕੇ ਹੇਠਾਂ *"ਲਾਇਸੇਂਸ ਕਿਵੇਂ ਖ਼ਰੀਦਿਆ ਜਾਏ" (How to buy a licence)* ਦੇਖੋ।

## ਸਿਰਫ਼ ਯੂਕੇ ਤੋਂ ਬਾਹਰ ਵਾਲੇ ਸੈਟੇਲਾਈਟ ਪ੍ਰੋਗਰਾਮ ਵੇਖਦੇ ਹੋ?

ਭਾਵੇਂ ਤੁਸੀਂ ਸਿਰਫ਼ ਯੂਕੇ (UK) ਦੇ ਬਾਹਰ ਤੋਂ ਪ੍ਰਸਾਰਿਤ ਕੀਤੇ ਗਏ ਪ੍ਰੋਗ੍ਰਾਮ ਪ੍ਰਾਪਤ ਕਰਦੇ ਹੋ ਜਾਂ ਰਿਕਾਰਡ ਕਰਦੇ ਹੋ, ਤਾਂ ਵੀ ਤੁਹਾਨੂੰ ਇਕ ਟੀਵੀ (TV) ਲਾਇਸੈਂਸ ਦੀ ਲੋੜ ਹੈ।

## ਕੀ ਤੁਹਾਨੂੰ ਇਸਦੀ ਬਜਾਏ ਹਫ਼ਤਾਵਾਰ ਕਿਸ਼ਤਾਂ ਵਿੱਚ ਭੁਗਤਾਨ ਕਰੋਗੇ?

ਜੇ ਤੁਸੀਂ ਆਪਣੇ ਟੀਵੀ ਲਾਇਸੈਂਸ ਲਈ ਹਫ਼ਤਾਵਾਰ ਭੁਗਤਾਨ ਕਰਨਾ ਚਾਹੋ, ਤਾਂ ਤੁਸੀਂ ਟੀਵੀ ਲਾਇਸੈਂਸਿੰਗ ਭੁਗਤਾਨ ਕਾਰਡ ਨਾਲ £5.60 ਵਰਗੀਆਂ ਛੋਟੀਆਂ ਕਿਸਤਾਂ ਬਣਾ ਸਕਦੇ ਹੋ। ਕਿਰਪਾ ਕਰਕੇ 0300 555 3456 'ਤੇ ਫ਼ੋਨ ਕਰੋ।

## ਹੁਣੇ ਹੁਣੇ ਘਰ ਬਦਲਿਆ ਹੈ?

ਜੇ ਤੁਸੀਂ ਹੁਣੇ ਹੁਣੇ ਨਵੇਂ ਘਰ ਵਿਚ ਆਏ ਹੋ ਅਤੇ ਲਾਇਸੈਂਸ ਤੁਹਾਡੇ ਪੁਰਾਣੇ ਪਤੇ ਵਾਲਾ ਹੈ, ਤਾਂ ਕਿਰਪਾ ਕਰਕੇ **www.tvlicensing.co.uk/moving** 'ਤੇ ਸਾਡੀ ਵੈਬਸਾਈਟ 'ਤੇ ਜਾਕੇ ਜਾਂ 0300 790 6044 'ਤੇ ਕਾੱਲ ਕਰਕੇ ਸਾਨੂੰ ਦੱਸੋ।

## ਕੀ ਤੁਹਾਨੂੰ ਰਿਆਇਤ ਮਿਲ ਸਕਦੀ ਹੈ।

**ਕੀ ਤੁਸੀਂ, ਜਾਂ ਤੁਹਾਡੇ ਨਾਲ ਰਹਿਣ ਵਾਲਾ:**

- **75 ਸਾਲ ਜਾਂ ਵੱਧ ਉਮਰ ਦੇ ਹੋ?** ਤੁਸੀਂ ਮੁਫ਼ਤ ਟੀਵੀ ਲਾਇਸੈਂਸ ਲਈ ਯੋਗ ਹੋ ਸਕਦੇ ਹੋ। ਅਰਜ਼ੀ ਦੇਣ ਲਈ ਸਿਰਫ਼ ਆੱਨਲਾਈਨ ਹੋਵੋ ਜਾਂ 0300 790 6044 'ਤੇ ਸਾਨੂੰ ਹੁਣੇ ਕਾੱਲ ਕਰੋ।
- **74 ਸਾਲ ਦੇ ਹੋ?** ਤੁਸੀਂ ਆਪਣੇ 75 ਸਾਲ ਪੂਰੇ ਹੋਣ ਤੱਕ ਇਸਦੇ ਘੇਰੇ ਹੇਠ ਆਉਣ ਲਈ ਥੋੜ੍ਹੇ ਸਮੇਂ ਦੇ ਟੀਵੀ ਲਾਇਸੈਂਸ ਲਈ ਅਰਜ਼ੀ ਦੇ ਸਕਦੇ ਹੋ।
- **ਨੇਤਰਹੀਣ ਜਾਂ ਵੇਖਣ ਦੀ ਗੰਭੀਰ ਸਮਸਿਆ ਹੈ?** ਤੁਸੀਂ 50% ਰਿਆਇਤ ਲਈ ਯੋਗ ਹੋ ਸਕਦੇ ਹੋ। ਅਰਜ਼ੀ ਦੇਣ ਲਈ, ਆੱਨਲਾਈਨ ਹੋਵੋ ਜਾਂ ਨੇਤਰਹੀਣ ਰਜਿਸਟ੍ਰੇਸ਼ਨ ਦੇ ਆਪਣੇ ਦਸਤਾਵੇਜ਼ ਦੀ ਇਕ ਫ਼ੋਟੋਕਾੱਪੀ ਡਾਕ ਰਾਹੀਂ ਭੇਜੋ - ਜਾਂ ਆਪਣੇ ਅੱਖ-ਵਿਗਿਆਨੀ ਤੋਂ ਸਰਟੀਫ਼ਿਕੇਟ - ਆਪਣਾ ਲਾਇਸੈਂਸ ਨੰਬਰ, ਫ਼ੋਨ ਨੰਬਰ ਅਤੇ ਚੈਕ ਰਾਹੀਂ ਭੁਗਤਾਨ TV Licensing, Blind Concession Group, Bristol BS98 1TL 'ਤੇ ਭੇਜੋ।

## ਲਾਇਸੈਂਸ ਦੀ ਲੋੜ ਨਹੀਂ ਹੈ।

ਜੇ ਤੁਸੀਂ ਜਿਵੇਂ ਕਿ ਟੀਵੀ 'ਤੇ ਵਿਖਾਏ ਜਾ ਰਹੇ ਟੈਲੀਵਿਜ਼ਨ ਪ੍ਰੋਗਰਾਮਾਂ ਨੂੰ ਵੇਖਦੇ ਜਾਂ ਰਿਕਾੱਰਡ ਨਹੀਂ ਕਰਦੇ - ਭਾਵੇਂ ਉਹ ਟੀਵੀ, ਕੰਪਿਊਟਰ, ਮੋਬਾਈਲ ਫ਼ੋਨ, ਖੇਡਾਂ ਵਾਲੇ ਕੰਸੋਲ, ਡਿਜੀਟਲ ਬਾੱਕਸ, DVD/VHS ਰਿਕਾੱਰਡਰ ਜਾਂ ਕੋਈ ਹੋਰ ਸਾਧਨ - ਤੁਹਾਨੂੰ ਟੀਵੀ ਲਾਇਸੈਂਸ ਦੀ ਲੋੜ ਨਹੀਂ ਹੈ। ਕਿਰਪਾ ਕਰਕੇ ਸਾਨੂੰ **www.tvlicensing.co.uk/noTV** ਜਾਂ 0300 790 6044 'ਤੇ ਦੱਸੋ।

## ਲਾਇਸੈਂਸ ਕਿਵੇਂ ਖ਼ਰੀਦੋ।

ਵਰਤਮਾਨ ਵਿੱਚ ਇੱਕ ਕਲਰ ਟੀਵੀ ਲਾਇਸੇਂਸ ਦੀ ਕੀਮਤ £145.50 ਹੈ (ਬਲੈਕ ਐਂਡ ਵਾਈਟ ਲਾਇਸੇਂਸ ਦੀ £49.00)। ਭੁਗਤਾਨ ਕਰਨ ਦੇ ਬਹੁਤ ਸਾਰੇ ਵੱਖ-ਵੱਖ ਤਰੀਕੇ ਹਨ - ਬਸ ਉਸ ਤਰੀਕੇ ਨੂੰ ਚੁਣੋ ਜੋ ਤੁਹਾਡੇ ਲਈ ਸਭ ਤੋਂ ਸਹੀ ਹੈ।

**ਆੱਨਲਾਈਨ।** ਤੁਸੀਂ www.tvlicensing.co.uk 'ਤੇ ਆੱਨਲਾਈਨ ਭੁਗਤਾਨ ਕਰ ਸਕਦੇ ਹੋ। ਤੁਹਾਨੂੰ ਆਪਣਾ ਕ੍ਰੇਡਿਟ ਕਾਰਡ ਜਾਂ ਡੇਬਿਟ ਕਾਰਡ ਤਿਆਰ ਰੱਖਣਾ ਹੋਵੇਗਾ।

**ਤੁਹਾਡੇ ਬੈਂਕ ਖਾਤੇ ਤੋਂ ਡਾਇਰੈਕਟ ਡੈਬਿਟ ਰਾਹੀਂ।** ਤੁਸੀਂ ਮਹੀਨੇਵਾਰ, ਤਿਮਾਹੀ ਜਾਂ ਸਲਾਨਾ ਭੁਗਤਾਨ ਕਰ ਸਕਦੇ ਹੋ। ਡਾਇਰੈਕਟ ਡੈਬਿਟ ਰਾਹੀਂ ਭੁਗਤਾਨ ਦਾ ਪ੍ਰਬੰਧ ਕਰਨ ਲਈ ਸਿਰਫ਼ **www.tvlicensing.co.uk/dd** 'ਤੇ ਜਾਓ ਜਾਂ ਆਪਣੇ ਬੈਂਕ ਵੇਰਵੇ ਤਿਆਰ ਰਖਕੇ 0300 790 6044 'ਤੇ ਸਾਨੂੰ ਕਾੱਲ ਕਰੋ।

**ਡੇਬਿਟ/ਕ੍ਰੇਡਿਟ ਕਾਰਡ ਦੇ ਦੁਆਰਾ।** ਡੇਬਿਟ/ਕ੍ਰੇਡਿਟ ਕਾਰਡ, ਜਿਵੇਂ ਕਿ Maestro, Delta, Solo, Visa, Visa Electron ਜਾਂ MasterCard, ਦੇ ਦੁਆਰਾ ਭੁਗਤਾਨ ਕਰਨ ਵਾਸਤੇ 0300 790 6044 'ਤੇ ਫ਼ੋਨ ਕਰੋ। ਜਦੋਂ ਤੁਸੀਂ ਫ਼ੋਨ ਕਰੋ ਤਾਂ ਕ੍ਰਿਪਾ ਕਰਕੇ ਆਪਣੇ ਕਾਰਡ ਦੇ ਬਾਰੇ ਜਾਣਕਾਰੀ ਤਿਆਰ ਰੱਖੋ।

**ਕਿਸੇ ਵੀ ਪੇਪਵਾਇੰਟ ਆਊਟਲੇਟ 'ਤੇ।** ਤੁਸੀਂ ਕਲਰ ਟੀਵੀ ਦੇ ਪੂਰੇ ਲਾਇਸੇਂਸ ਲਈ ਨਕਦ ਜਾਂ ਡੇਬਿਟ ਕਾਰਡ ਦੇ ਦੁਆਰਾ ਭੁਗਤਾਨ ਕਰ ਸਕਦੇ ਹੋ।

**ਡਾਕ ਦੇ ਦੁਆਰਾ।** 'TV Licensing' ਦੇ ਨਾਮ ਲਿਖਿਆ ਹੋਇਆ ਇੱਕ ਚੈਕ ਭੇਜੋ। ਇਸਦੇ ਪਿੱਛੇ ਆਪਣਾ ਨਾਮ, ਪਤਾ ਅਤੇ ਪੋਸਟਕੋਡ ਲਿਖੋ ਅਤੇ ਇਸਨੂੰ ਇਸ ਪਤੇ 'ਤੇ ਭੇਜ ਦਿਉ: TV Licensing, Bristol BS98 1TL. ਕ੍ਰਿਪਾ ਕਰਕੇ ਨਗਦ ਪੈਸੇ ਨਾ ਭੇਜੋ।

ਜੇ ਤੁਹਾਡੇ ਕੋਈ ਸੁਆਲ ਹਨ ਜਾਂ ਇਸ ਲੀਫ਼ਲੈਟ ਵਿਚ ਮਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ 0300 790 6044 'ਤੇ ਕਾੱਲ ਕਰੋ।

ਜੇ ਤੁਹਾਨੂੰ ਵੇਖਣ ਵਿਚ ਮੁਸ਼ਕਿਲ ਹੈ, ਤਾਂ ਤੁਸੀਂ ਇਹ ਜਾਣਕਾਰੀ ਈਮੇਲ ਰਾਹੀਂ ਜਾਂ 0300 790 6076 'ਤੇ ਕਾੱਲ ਕਰਕੇ ਬ੍ਰੇਲ, ਵੱਡੇ ਅੱਖਰਾਂ ਜਾਂ ਆੱਡੀਓ ਵਿਚ ਲੈ ਸਕਦੇ ਹੋ। ਬੋਲਿਆਂ ਜਾਂ ਸੁਣਨ ਵਿਚ ਮੁਸ਼ਕਿਲ ਵਾਲਿਆਂ ਲਈ 0300 790 6050 'ਤੇ ਮਿਨੀਕਾੱਮ ਸਹੂਲਤ ਵੀ ਉਪਲਬਧ ਹੈ।

ਕਿਰਪਾ ਕਰਕੇ ਨੋਟ ਕਰੋ ਕਿ ਹੁਣ ਟੀਵੀ ਲਾਇਸੇਂਸ ਸੇਵਿੰਗਜ਼ ਸਟੈਂਪਸ ਦੀ ਜਗ੍ਹਾ ਟੀਵੀ ਲਾਇਸੇਂਸਿੰਗ ਸੇਵਿੰਗਜ਼ ਕਾਰਡ ਆ ਗਿਆ ਹੈ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ 0300 555 0282 'ਤੇ ਫ਼ੋਨ ਕਰੋ।